# 21

# ਮੁੱਢਲੀ ਕਲੀਸੀਆ ਐਨਾ ਦਿਲ ਖੋਲ੍ਹ ਕੇ ਚੰਦਾ ਕਿਉਂ ਦਿੰਦੀ ਸੀ

ਮੁੱਢਲੀ ਕਲੀਸੀਆ 'ਤੇ ਵਿਚਾਰ ਕਰਨ 'ਤੇ ਸਾਨੂੰ ਉਹਦੀਆਂ ਕਈ ਖ਼ੂਬੀਆਂ ਦਾ ਪਤਾ ਲਗਦਾ ਹੈ, ਜੋ ਸਾਨੂੰ ਬੇਹੱਦ ਪ੍ਰਭਾਵਿਤ ਕਰਦੀਆਂ ਹਨ। ਅਸੀਂ ਉਨ੍ਹਾਂ ਲੋਕਾਂ ਨੂੰ ਜੋਸ਼ ਅਤੇ ਤੇਜ਼ੀ ਨਾਲ ਵਿਕਾਸ, ਅਪਣੇ ਪ੍ਰਭੂ ਲਈ ਉਨ੍ਹਾਂ ਦੀ ਵਫ਼ਾਦਾਰੀ, ਚੇਲਿਆਂ ਦੀ ਸਿੱਖਿਆ ਵਿਚ ਬਣੇ ਰਹਿਣਾ ਅਤੇ ਹੋਰ ਬਹੁਤ ਸਾਰੇ ਗੁਣਾਂ ਤੋਂ ਪ੍ਰਭਾਵਿਤ ਹੁੰਦੇ ਹਾਂ।

ਉਨ੍ਹਾਂ ਦੀਆਂ ਸਭ ਤੋਂ ਵੱਧ ਸ਼ਲਾਘਾਯੋਗ ਖ਼ੂਬੀਆਂ ਵਿੱਚੋਂ ਇਕ ਆਪਣੀ ਦੁਨਿਆਵੀ ਜਾਇਦਾਦ ਨਾਲ ਖੁੱਲ੍ਹ ਦਿਲੀ ਸੀ। ਉਹਾ ਚੰਦਾ ਨਾ ਤਾਂ ਕੁੜਕੜ ਕਰਕੇ ਨਾ ਮਜਬੂਰੀ ਕਰਕੇ ਦਿੰਦੇ ਸਨ। ਉਨ੍ਹਾਂ 'ਤੇ ਕੋਈ ਟੈਕਸ ਨਹੀਂ ਲਾਇਆ ਗਿਆ ਸੀ। ਨਾ ਹੀ ਉਹ ਵਿਖਾਵੇ ਲਈ ਚੰਦਾ ਦਿੰਦੇ ਸਨ। ਅਸੀਂ ਜਾਣਦੇ ਹਾਂ ਕਿ ਚੰਦਾ ਦੇਣ 'ਚ ਉਨ੍ਹਾਂ ਦੀ ਕੋਈ ਖ਼ੁਦਗਰਜ਼ੀ ਨਹੀਂ ਸੀ। ਕਿਉਂਕਿ ਖ਼ੁਦਾ ਦੀ ਪ੍ਰੇਰਣਾ ਪਾਏ ਹੋਏ ਲੇਖਕਾਂ ਨੇ ਉਨ੍ਹਾਂ ਦੀ ਖੁੱਲ੍ਹ ਦਿਲੀ ਦੀ ਤਾਰੀਫ਼ ਬੜੇ ਜ਼ੋਰਦਾਰ ਸ਼ਬਦਾਂ ਵਿਚ ਕੀਤੀ ਹੈ। ਯਰੂਸ਼ਲਮ ਦੇ ਮਸੀਹੀ ਆਪਣੀਆਂ ਜਾਇਦਾਦਾਂ ਵੇਚ ਕੇ ਉਨ੍ਹਾਂ ਤੋਂ ਮਿਲਿਆ ਧਨ ਲੋੜਵੰਦ ਲੋਕਾਂ ਵਿਚ ਵੰਡਣ ਲਈ ਲਿਆਉਂਦੇ ਸਨ (ਰਸੂਲਾਂ ਦੇ ਕੰਮ 4:34, 35)। ਪੌਲੁਸ ਨੇ ਫਿਲਿੱਪੈ ਅਤੇ ਮਕਦੂਨੀਆ ਦੇ ਹੋਰ ਲੋਕਾਂ ਦੀ ਖੁੱਲ੍ਹ ਦਿਲੀ ਬਾਰੇ ਲਿਖਿਆ (ਫ਼ਿਲਿੱਪੀਆਂ 4:14, 15; 2 ਕੁਰਿੰਥੀਆਂ 8:1-4)।

ਪਹਿਲੀ ਸਦੀ ਦੇ ਮਸੀਹੀਆਂ ਦਾ ਖੁੱਲ੍ਹੇ ਦਿਲ ਨਾਲ ਚੰਦਾ ਦੇਣਾ, ਦੂਜਿਆਂ ਨਾਲ ਖ਼ੁਸ਼ਖ਼ਬਰੀ ਨੂੰ ਵੰਡਣ ਵਿਚ ਉਨ੍ਹਾਂ ਦੀ ਹੈਰਾਨੀਜਨਕ ਕਾਮਯਾਬੀ ਦਾ ਇਕ ਕਾਰਣ ਸੀ। ਦੁਨੀਆਂ ਵਿਚ ਇੰਜੀਲ ਦਾ ਪ੍ਰਚਾਰ ਕਰਨਾ ਅਤੇ ਲੋੜਵੰਦ ਮਸੀਹੀ ਲੋਕਾਂ ਦੀ ਦੇਖਭਾਲ ਕਰਨਾ ਅਜਿਹੇ ਕੰਮ ਸਨ ਜਿਨ੍ਹਾਂ ਲਈ ਖੁੱਲ੍ਹ ਦਿਲੀ ਨਾਲ ਚੰਦਾ ਦੇਣਾ ਜ਼ਰੂਰੀ ਸੀ; ਅਤੇ ਮਸੀਹੀ ਲੋਕਾਂ ਦੇ ਉਪਕਾਰ ਨਾਲ ਇਹ ਸਭ ਕੰਮ ਮੁਮਕਿਨ ਹੋ ਸਕੇ।

ਉਹ ਚੰਦਾ ਦੇਣ ਵਿਚ ਐਨੇ ਫ਼ਰਾਖ਼ ਦਿਲ ਕਿਉਂ ਸਨ? ਚੰਦਾ ਦੇਣ ਦੇ ਯੋਗ ਹੋਣ ਲਈ ਆਪਣੀ ਜਾਇਦਾਦ ਵੇਚਣ ਲਈ ਕਿਉਂ ਤਿਆਰ ਸਨ? ਸ਼ਾਇਦ ਪਹਿਲੀ ਸਦੀ ਦੀ ਫ਼ਰਾਖ਼ ਦਿਲੀ ਦੇ ਕਾਰਣਾਂ ਦੇ ਅਧਿਐਨ ਨਾਲ ਸਾਨੂੰ ਫ਼ੈਸਲਾ ਕਰਨ ਵਿਚ ਮਦਦ ਮਿਲੇਗੀ ਕਿ ਇਸ ਸਦੀ ਦੀ ਕਲੀਸੀਆ ਓਨੀ ਫ਼ਰਾਖ਼ ਦਿਲੀ ਨਾਲ ਚੰਦਾ ਕਿਉਂ ਨਹੀਂ ਦਿੰਦੀ।

## ਉਨ੍ਹਾਂ ਨੇ ਆਪਣੇ ਆਪ ਨੂੰ ਦੇ ਦਿੱਤਾ

ਉਨ੍ਹਾਂ ਦੇ ਚੰਦਾ ਦੇਣ ਦੀ ਇਕ ਮੁੱਖ ਗੱਲ 2 ਕੁਰਿੰਥੀਆਂ 8:5 ਵਿਚ ਮਿਲਦੀ ਹੈ: ''... ਉਨ੍ਹਾਂ ਆਪਣੇ ਆਪ ਨੂੰ ਪ੍ਰਭੂ ਦੇ ... ਅਰਪਨ ਕੀਤਾ।'' ਉਹ ਦਿਲੋਂ ਬਦਲ ਗਏ ਸਨ। ਉਨ੍ਹਾਂ ਮਹਿਸੂਸ ਕੀਤਾ ਸੀ ਕਿ ਮਨਬਦਲੀ ਤੋਂ ਭਾਵ ਜੋ ਕੁਝ ਕੋਈ ਹੈ ਅਤੇ ਜੋ ਕੁਝ ਉਹਦੇ ਕੋਲ ਹੈ ਉਹ ਸਭ ਦੇਣਾ ਹੈ। ਉਹ ਲੋਕ ਕਲੀਸੀਆ ਦੇ ਨਾਮ ਨਿਹਾਦ ਮੈਂਬਰ ਹੀ ਨਹੀਂ ਸਨ। ਉਹ ਦਿਲੋ ਜਾਨ ਨਾਲ ਕਲੀਸੀਆ ਦੇ ਮੈਂਬਰ ਸਨ। ਉਨ੍ਹਾਂ ਦਾ ਵਿਹਾਰ ''ਪ੍ਰਭੂ ਮੈਂ ਆਪਣਾ ਆਪ ਤੈਨੂੰ ਦਿੰਦਾ ਹਾਂ'' ਵਾਲਾ ਸੀ। ਜਦ ਕੋਈ ਸੱਚੇ ਦਿਲੋਂ ਪ੍ਰਭੂ ਵਿਚ ਬਦਲ ਜਾਂਦਾ ਹੈ ਤਾਂ ਦੁਨਿਆਵੀ ਜਾਇਦਾਦਾਂ ਅਰਪਣ ਕਰਨਾ ਔਖਾ ਨਹੀਂ ਲਗਦਾ। ਅੱਜ ਬਹੁਤ ਸਾਰੇ ਲੋਕਾਂ ਦੇ ਕੰਜੂਸ ਅਤੇ ਲਾਲਚੀ ਹੋਣ ਦੀ ਵਜ੍ਹਾ ਇਹੀ ਹੈ ਕਿ ਉਨ੍ਹਾਂ ਨੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਮਸੀਹ ਦੇ ਕੰਮਾਂ ਲਈ ਦਿੱਤਾ ਨਹੀਂ ਹੈ। ਸਾਨੂੰ ਸਮਝਣ ਦੀ ਲੋੜ ਹੈ ਕਿ ਮਨਬਦਲੀ ਲਈ ਖ਼ੂਬੀਆਂ, ਖ਼ੁਦ ਅਤੇ ਚੀਜ਼ਾਂ ਨੂੰ ਖ਼ੁਦਾ ਅੱਗੇ ਭੇਂਟ ਕਰਨਾ ਲਾਜ਼ਮੀ ਹੈ।

## ਉਨ੍ਹਾਂ ਦਾ ਪਿਛੋਕੜ ਫ਼ਰਾਖ਼ ਦਿਲੀ ਵਾਲਾ ਸੀ

ਅਰੰਭਕ ਮਸੀਹੀ ਇਕ ਅਜਿਹੇ ਸਮਾਜ ਵਿੱਚੋਂ ਆਏ ਸਨ ਜੋ ਫ਼ਰਾਖ਼ ਦਿਲੀ ਨਾਲ ਚੱਲਣ ਵਾਲਾ ਸੀ। ਯਰੂਸ਼ਲਮ ਦੀ ਕਲੀਸੀਆ ਦੇ ਲੋਕ ਯਹੂਦੀ ਸਨ, ਜਿਨ੍ਹਾਂ ਦਾ ਇਤਿਹਾਸ ਫ਼ਰਾਖ਼ ਦਿਲੀ ਨਾਲ ਚੰਦਾ ਦੇਣ ਦਾ ਸੀ। ਵੇਦੀ ਲਈ ਇਸਰਾਏਲ ਵੱਲੋਂ ਲਿਆਏ ਗਏ ਤੋਹਫ਼ਿਆਂ ਅਤੇ ਇਹਦੇ ਸਮਰਪਣ ਸਮੇਂ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰੋ। ਹੈਕਲ ਲਈ ਦਾਊਦ ਦੀਆਂ ਭੇਟਾਂ, ਹੈਕਲ ਦੀ ਮੁਰੰਮਤ ਲਈ ਲਿਆਂਦੀਆਂ ਗਈਆਂ ਭੇਟਾਂ ਅਤੇ ਹੈਕਲ ਦੁਬਾਰਾ ਬਣਾਉਣ ਲਈ ਲਿਆਂਦੀਆਂ ਗਈਆਂ ਕੁਰਬਾਨੀਆਂ ਤੇ ਧਿਆਨ ਕਰੋ। ਪੁਰਾਣੇ ਨੇਮ ਦੀਆਂ ਇਹ ਉਦਾਹਰਣਾਂ ਸਾਡੇ ਵਿੱਚੋਂ ਬਹੁਤਿਆਂ ਨੂੰ ਸ਼ਰਮਸਾਰ ਕਰਦੀਆਂ ਹਨ।

ਯਹੂਦੀ ਵਿਸ਼ਵਾਸ ਅਧੀਨ ਯਹੂਦੀਆਂ ਦੇ ਦਸੌਂਧ, ਭੇਟਾਂ ਅਤੇ ਤੋਹਫ਼ੇ ਅਤੇ ਕੁਰਬਾਨੀਆਂ ਕਾਫ਼ੀ ਮਸ਼ਹੂਰ ਹਨ। ਕੁੱਲ ਚੰਦਾ ਉਨ੍ਹਾਂ ਦੀ ਆਮਦਨੀ ਦਾ ਕਾਫ਼ੀ ਵੱਡਾ ਹਿੱਸਾ ਹੁੰਦਾ ਸੀ। ਮਸੀਹੀ ਬਣਨ ਤੇ ਉਨ੍ਹਾਂ ਲਈ ਖੁੱਲ੍ਹ ਦਿਲੀ ਨਾਲ ਚੰਦਾ ਦੇਣਾ ਸੁਭਾਵਕ ਹੀ ਸੀ। ਇਹ ਸੱਚ ਹੈ ਕਿ ਮਸੀਹ ਦੇ ਅਧੀਨ ਉਨ੍ਹਾਂ ਨੂੰ ਇਹ ਫ਼ੈਸਲਾ ਲੈਣ ਦੀ ਖੁੱਲ੍ਹ ਸੀ ਕਿ ਕਿੰਨਾ ਦੇਣਾ ਹੈ; ਪਰ ਉਨ੍ਹਾਂ ਇਸ ਅਜ਼ਾਦੀ ਨੂੰ ਲੋਭ ਦੇ ਚੋਗੇ ਲਈ ਨਹੀਂ ਵਰਤਿਆ ਸੀ। ਭਲਾ ਉਨ੍ਹਾਂ ਉਸ ਨਾਲੋਂ ਘੱਟ ਦਿੱਤਾ ਜਿੰਨਾ ਉਹ ਯਹੂਦੀ ਵਿਸ਼ਵਾਸ ਵਿਚ ਰਹਿਣ ਸਮੇਂ ਦਿੰਦੇ ਸਨ?

ਇਸ ਵਿਸ਼ੇ 'ਤੇ ਹੋਰ ਸਿੱਖਿਆ ਦੀ ਲੋੜ ਹੈ। ਬਾਈਬਲ ਇਸ ਵਿਸ਼ੇ 'ਤੇ ਕਲੀਸੀਆ ਵਿਚ ਜ਼ੋਰ ਦਿੱਤੇ ਜਾਣ ਵਾਲੇ ਹੋਰ ਵਿਸ਼ਿਆਂ 'ਤੋਂ ਵਧੇਰੇ ਕਹਿੰਦੀ ਹੈ। ਸੱਚ ਸਪੱਸ਼ਟ ਸਿਖਾਉਣ ਦੀ ਨਾਕਾਮੀ ਅਤੇ ਜ਼ਬਰਦਸਤੀ ਨਾਲ ਮਸੀਹੀ ਫ਼ਰਾਖ਼ ਦਿਲੀ ਦਾ ਵਧੀਆ ਪਿਛੋਕੜ ਨਹੀਂ ਹੈ।

## ਉਨ੍ਹਾਂ ਭੰਡਾਰੀਪਣ ਦੇ ਨਿਯਮ ਨੂੰ ਸਮਝਿਆ

ਪਹਿਲੀ ਸਦੀ ਦੇ ਮਸੀਹੀਆਂ ਨੇ ਭੰਡਾਰੀਪਣ ਦੇ ਨਿਯਮ ਨੂੰ ਸਮਝਣਾ ਸੀ। ਉਹ ਸਮਝ ਗਏ ਸਨ ਕਿ ਉਨ੍ਹਾਂ ਦੀਆਂ ਜਾਇਦਾਦਾਂ ਉਨ੍ਹਾਂ ਦੀਆਂ ਆਪਣੀਆਂ ਨਹੀਂ ਸਨ, ਸਗੋਂ ਉਹ ਤਾਂ ਕਿਸੇ ਹੋਰ ਦੀਆਂ ਜਾਇਦਾਦਾਂ ਸੰਭਾਲਣ ਲਈ ਸਿਰਫ਼ ਭੰਡਾਰੀ ਹਨ। ਉਹ ਜਾਣਦੇ ਸਨ ਕਿ ਉਨ੍ਹਾਂ ਨੂੰ ਹਿਸਾਬ ਦੇਣਾ ਪਵੇਗਾ ਕਿ ਉਨ੍ਹਾਂ ਨੇ ਇਸ ਧਨ ਦੀ ਵਰਤੋਂ ਕਿਵੇਂ ਕੀਤੀ; ਸੋ ਯਕੀਨਨ

ਹੀ ਉਹ ਇਹਦੀ ਵਰਤੋਂ ਹੁਸ਼ਿਆਰੀ ਨਾਲ ਕਰਦੇ ਸਨ।

ਬਾਈਬਲ ਦੀਆਂ ਬਹੁਤ ਸਾਰੀਆਂ ਆਇਤਾਂ ਖ਼ੁਦਾਈ ਮਲਕੀਅਤ ਦੀ ਸਿੱਖਿਆ ਦਿੰਦੀਆਂ ਹਨ। ਉਦਾਹਰਣ ਵਜੋਂ, ਕੂਚ 19:5 ਦੱਸਦਾ ਹੈ, ''ਸਾਰੀ ਧਰਤੀ ਤਾਂ ਮੇਰੀ ਹੈ।'' (ਹੋਰ ਆਇਤਾਂ ਹਨ ਵਿਵਸਥਾਸਾਰ10:14; ਜ਼ਬੂਰ 24:1; 1 ਕੁਰਿੰਥੀਆਂ 10:26)। ਇਸੇ ਤਰ੍ਹਾਂ, ਮਨੁੱਖੀ ਭੰਡਾਰੀਪਣ ਬਾਰੇ ਸਿਖਾਇਆ ਗਿਆ ਹੈ। ਸਾਨੂੰ ''ਪ੍ਰਮੇਸ਼ਵਰ ਦੀ ਬਹੁਰੰਗੀ ਕਿਰਪਾ ਦੇ ਨੇਕ ਮੁਖ਼ਤਿਆਰ'' (1 ਪਤਰਸ 4:10) ਬਣਨ ਲਈ ਕਿਹਾ ਗਿਆ ਹੈ। ਪੌਲੁਸ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਸਾਡੀਆਂ ਦੇਹਾਂ ਵੀ ਆਪਣੀਆਂ ਨਹੀਂ ਹਨ (1 ਕੁਰਿੰਥੀਆਂ 6:19)। ਇਹ ਅਹਿਸਾਸ ਹੋ ਜਾਣ ਤੇ ਕਿ ਅਸੀਂ ਕਿਸੇ ਹੋਰ ਦੇ ਸਮਾਨ ਦੀ ਰਾਖੀ ਕਰ ਰਹੇ ਹਾਂ, ਯਕੀਨਨ ਹੀ ਅਸੀਂ ਇਹਦੀ ਵਰਤੋਂ ਕਰਨ ਵਿਚ ਖ਼ਬਰਦਾਰ ਰਹਾਂਗੇ। ਅਸੀਂ ਇਹਦੀ ਵਰਤੋਂ ਕਿਸ ਤਰ੍ਹਾਂ ਕਰਦੇ ਹਾਂ, ਇਹਦਾ ਸਾਨੂੰ ਜਵਾਬ ਦੇਣਾ ਪਵੇਗਾ।

## ਉਨ੍ਹਾਂ ਨੇ ਖ਼ੁਦਾ ਦੇ ਪ੍ਰੇਮ ਦੇ ਜਵਾਬ ਵਿਚ ਦਾਨ ਦਿੱਤਾ

ਅਰੰਭਕ ਚੇਲੇ ਫ਼ਰਾਖ਼ ਦਿਲੀ ਨਾਲ ਚੰਦਾ ਦਿੰਦੇ ਸਨ ਕਿਉਂਕਿ ਉਹ ਸਲੀਬ ਦੀ ਛਾਂ ਵਿਚ ਰਹਿੰਦੇ ਸਨ। ਉਨ੍ਹਾਂ ਵਿੱਚੋਂ ਕਈ ਤਾਂ ਕਲਵਰੀ ਦੀਆਂ ਘਟਨਾਵਾਂ ਦੇ ਚਸ਼ਮਦੀਦ ਗਵਾਹ ਸਨ। ਉਨ੍ਹਾਂ ਨੇ ਖ਼ੁਦਾ ਦੇ ਪ੍ਰੇਮ ਅਤੇ ਉਹਦੀ ਖੁੱਲ੍ਹ ਦਿਲੀ ਦੀ ਇੰਤਹਾ ਵੇਖੀ ਸੀ। ਉਨ੍ਹਾਂ ਨੂੰ ਅਹਿਸਾਸ ਹੋ ਗਿਆ ਸੀ ਕਿ ਖ਼ੁਦਾ ਨੇ ''ਐਨਾ ਪਿਆਰ ਕੀਤਾ'' ਅਤੇ ਇਹਦਾ ਉਨ੍ਹਾਂ ਨੂੰ ਸਬੂਤ ਵੀ ਮਿਲ ਗਿਆ ਸੀ, ਕਿਉਂਕਿ ਉਨ੍ਹਾਂ ਵੇਖ ਲਿਆ ਸੀ ਕਿ ਉਹਨੇ ਕਿਵੇਂ ''ਦਿੱਤਾ'' (ਵੇਖੋ ਯੂਹੰਨਾ 3:16)। ਉਨ੍ਹਾਂ ਖ਼ੁਦਾ ਨਾਲ ਪਿਆਰ ਕੀਤਾ ਕਿਉਂਕਿ ''ਪਹਿਲਾਂ ਉਸ ਨੇ ਪਿਆਰ ਕੀਤਾ'' (1 ਯੂਹੰਨਾ 4:19), ਜਿਸ ਕਰ ਕੇ ਉਨ੍ਹਾਂ ਲਈ ਚੰਦਾ ਦੇਣਾ ਔਖਾ ਨਹੀਂ ਸੀ।

## ਸਾਰ

ਅਸੀਂ ਕਲਵਰੀ ਤੋਂ ਕਈ ਸਦੀਆਂ ਦੂਰ ਹਾਂ, ਪਰ ਜੋ ਵਾਪਰ ਚੁੱਕਿਆ ਉਹਨੂੰ ਸਮਾ ਮਿਟਾ ਨਹੀਂ ਸਕਦਾ ਹੈ। ਅੱਜ ਚੰਦਾ ਦੇਣ ਸਮੇਂ ਖੁੱਲ੍ਹ ਦਿਲੀ 'ਚ ਕਮੀ ਦਾ ਇਕ ਬਹੁਤ ਵੱਡਾ ਕਾਰਣ ਸਲੀਬ ਦੀ ਅਹਿਮੀਅਤ ਨੂੰ ਨਾ ਸਮਝ ਪਾਉਣਾ ਹੈ। ਖ਼ੁਦਾ ਨੇ ਸਾਡੇ ਨਾਲ ''ਅਜਿਹਾ ਪਿਆਰ ਕੀਤਾ'' ਕਿ ਉਹਨੇ ਸਾਡੇ ਲਈ ਆਪਣਾ ਪੁੱਤਰ ਹੀ ਦੇ ਦਿੱਤਾ (ਯੂਹੰਨਾ 3:16; ਵੇਖੋ ਅਫ਼ਸੀਆਂ 5:25)। ਇਹ ਯਾਦ ਕਰਨ ਤੇ ਸਾਡੇ ਮਨਾਂ ਵਿਚ ਖ਼ੁਦਾ ਲਈ ਪਿਆਰ ਜਾਗ ਜਾਵੇਗਾ। ਇਸ ਪਿਆਰ ਨੂੰ ਅਸੀਂ ਓਸੇ ਖੁੱਲ੍ਹ ਦਿਲੀ ਨਾਲ ਵਿਖਾ ਸਕਾਂਗੇ ਜਿਸ ਨਾਲ ਖ਼ੁਦਾ ਨੇ ਆਪਣਾ ਪੁੱਤਰ ਦੇ ਕੇ ਆਪਣਾ ਪਿਆਰ ਵਿਖਾਇਆ।